# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ

ਫ਼ਤਿਹਗੜ੍ਹ ਸਾਹਿਬ

ਨੰ: ਸ.ਗ.ਗ੍ਰੰ.ਸ.ਵ.ਯੂ./ਰਜਿ/0333 09-05-2023

**ਸਲਾਨਾ ਕਨਵੋਕੇਸ਼ਨ (27 ਮਈ, 2023) ਅਤੇ ਅਲੂਮਨੀ ਮੀਟ (26 ਮਈ, 2023)**

**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ**

ਫ਼ਤਿਹਗੜ੍ਹ ਸਾਹਿਬ

ਪੰਜਾਬ ਸਰਕਾਰ ਦੇ ਐਕਟ 20/2008 ਅਧੀਨ ਸਥਾਪਿਤ ਅਤੇ ਯੂ.ਜੀ.ਸੀ. ਤੋਂ ਮਾਨਤਾ ਪ੍ਰਾਪਤ

## ਕਨਵੋਕੇਸ਼ਨ ਨੋਟਿਸ

ਯੂਨੀਵਰਸਿਟੀ ਦੀ ਸਲਾਨਾ ਕਨਵੋਕੇਸ਼ਨ 27 ਮਈ, 2023 (ਸ਼ਨੀਵਾਰ) ਨੂੰ ਸਵੇਰੇ 10:00 ਵਜੇ ਜੂਨ, 2022 ਵਿੱਚ ਪਾਸ ਹੋਏ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ **ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫ਼ਤਿਹਗੜ੍ਹ ਸਾਹਿਬ ਦੇ ਗਿਆਨੀ ਦਿੱਤ ਸਿੰਘ ਆਡੀਟੋਰੀਅਮ ਵਿਚ** ਕਰਵਾਈ ਜਾ ਰਹੀ ਹੈ। ਹੁਣ ਤੱਕ ਪੀ-ਐੱਚ.ਡੀ. ਪੂਰੀ ਕਰ ਚੁੱਕੇ ਵਿਦਿਆਰਥੀ ਵੀ ਇਸ ਕਨਵੋਕੇਸ਼ਨ ਵਿਚ ਭਾਗ ਲੈ ਸਕਦੇ ਹਨ। ਕਨਵੋਕੇਸ਼ਨ ਲਈ ਰਿਹਰਸਲ 26 ਮਈ, 2023 (ਸ਼ੁੱਕਰਵਾਰ) ਨੂੰ ਦੁਪਹਿਰ 2:00 ਵਜੇ ਹੋਵੇਗੀ ਜਿਸ ਵਿਚ ਭਾਗ ਲੈਣਾ ਲਾਜ਼ਮੀ ਹੋਵੇਗਾ। ਅਲੂਮਨੀ ਐਸੋਸੀਏਸ਼ਨ ਦੀ ਮੀਟਿੰਗ 26 ਮਈ, 2023 ਨੂੰ ਦੁਪਹਿਰ 12:00 ਵਜੇ ਹੋਵੇਗੀ। ਵੇਰਵੇ ਯੂਨੀਵਰਸਿਟੀ ਦੀ ਵੈੱਬਸਾਈਟ www.sggswu.edu.in 'ਤੇ ਉਪਲੱਬਧ ਹਨ।

Advt. No. 08/2023 SGPC ਪ੍ਰੋਜੈਕਟ ਰਜਿਸਟਰਾਰ

### (ੳ) ਡਿਗਰੀ ਪ੍ਰਾਪਤ ਕਰਨ ਵਾਲਿਆਂ ਲਈ ਆਮ ਹਦਾਇਤਾਂ

1. ਜੋ ਵਿਦਿਆਰਥੀ ਕਨਵੋਕੇਸ਼ਨ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ 22 ਮਈ, 2023 (ਸੋਮਵਾਰ) ਤੱਕ ਯੂਨੀਵਰਸਿਟੀ ਦੀ ਵੈੱਬਸਾਈਟ: www.sggswu.edu.in 'ਤੇ ਆਪਣੇ ਆਪ ਨੂੰ ਆਨਲਾਈਨ ਰਜਿਸਟਰ ਕਰ ਲੈਣ।
2. ਉਹ ਉਮੀਦਵਾਰ, ਜਿਨ੍ਹਾਂ ਨੇ ਜੂਨ, 2022 ਦੌਰਾਨ ਆਪਣੀ ਅੰਡਰ-ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਡਿਗਰੀ ਦੀਆਂ ਅੰਤਿਮ ਛਿਮਾਹੀ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ ਹਨ, ਡਿਗਰੀ ਸਰਟੀਫਿਕੇਟ ਪ੍ਰਾਪਤ ਕਰਨ ਲਈ ਆਨਲਾਈਨ ਰਜਿਸਟਰ ਕਰਨਗੇ।
3. ਹੁਣ ਤੱਕ ਪੀ-ਐੱਚ.ਡੀ. ਦੀ ਡਿਗਰੀ ਪ੍ਰਾਪਤ ਕਰਨ ਵਾਲੇ ਸਾਰੇ ਵਿਦਿਆਰਥੀ ਕਨਵੋਕੇਸ਼ਨ ਵਿੱਚ ਸ਼ਾਮਲ ਹੋਣ ਦੇ ਯੋਗ ਹਨ।
4. ਡਿਗਰੀ ਪ੍ਰਾਪਤਕਰਤਾ ਨੂੰ 1000/- ਰੁਪਏ ਰਜਿਸਟ੍ਰੇਸ਼ਨ ਦੇ ਸਮੇਂ (500/- ਰੁਪਏ ਰਜਿਸਟ੍ਰੇਸ਼ਨ ਫੀਸ + 500/- ਰੁਪਏ ਮੋੜਨਯੋਗ ਵਜੋਂ) ਜਮ੍ਹਾਂ ਕਰਵਾਉਣੇ ਪੈਣਗੇ। ਰਜਿਸਟ੍ਰੇਸ਼ਨ ਫੀਸ ਵਿੱਚ ਦੁਪਹਿਰ ਦੇ ਖਾਣੇ, ਸਨੈਕਸ ਅਤੇ ਅਕਾਦਮਿਕ ਵਸਤਰਾਂ ਦਾ ਕਿਰਾਇਆ ਸ਼ਾਮਲ ਹੋਵੇਗਾ। ਸਕਿਉਰਿਟੀ ਕਨਵੋਕੇਸ਼ਨ ਤੋਂ ਬਾਅਦ ਅਕਾਦਮਿਕ ਪੁਸ਼ਾਕਾਂ ਦੀ ਵਾਪਸੀ 'ਤੇ ਡਿਗਰੀ ਪ੍ਰਾਪਤਕਰਤਾ ਨੂੰ 500/- ਰੁਪਏ ਵਾਪਸ ਕੀਤੇ ਜਾਣਗੇ।
5. **ਡਿਗਰੀਆਂ ਪ੍ਰਦਾਨ ਕਰਨ ਲਈ ਕਨਵੋਕੇਸ਼ਨ ਗਿਆਨੀ ਦਿੱਤ ਸਿੰਘ ਆਡੀਟੋਰੀਅਮ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਵਿਖੇ ਹੋਵੇਗੀ।**
6. ਸਾਰੇ ਡਿਗਰੀ ਪ੍ਰਾਪਤਕਰਤਾ ਵਿਦਿਆਰਥੀ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਅੱਪਲੋਡ ਕੀਤੀ ਗਈ ਡਿਗਰੀ ਪ੍ਰਾਪਤਕਰਤਾ ਸੂਚੀ ਵਿੱਚ ਆਪਣੇ ਨਾਮ, ਅਤੇ ਆਪਣੇ ਮਾਤਾ/ਪਿਤਾ ਦੇ ਨਾਮ ਦੀ ਪੁਸ਼ਟੀ ਕਰ ਲੈਣ। ਇਨ੍ਹਾਂ ਵਿੱਚ ਪੰਜਾਬੀ ਅਤੇ/ਜਾਂ ਅੰਗਰੇਜ਼ੀ ਵਿੱਚ ਕਿਸੇ

ਬਾਕੀ ਪੰਨਾ....2 ਤੇ...

ਪਰਿਤਪਾਲ ਸਿੰਘ

ਵੀ ਅੰਤਰ ਦੀ ਰਿਪੋਰਟ ਸਿਰਫ਼ ਸਕੈਨ ਕੀਤੀ ਕਾਪੀ ਦੇ ਨਾਲ ਈਮੇਲ ਰਾਹੀ ਭੇਜੀ ਜਾਵੇ: convocation@sggswu.edu.in ਕਿਰਪਾ ਕਰਕੇ ਆਪਣੀ ਮੇਲ ਦੇ ਨਾਲ ਸਕੈਨ ਕੀਤੀ ਕਾਪੀ ਦੇ ਰੂਪ ਵਿੱਚ ਸੋਧ ਸੰਬੰਧੀ ਸਬੂਤ ਨੱਥੀ ਕਰੋ ਅਤੇ ਈਮੇਲ ਦੇ ਵਿਸ਼ੇ ਵਿੱਚ ਆਪਣਾ ਰਜਿਸਟ੍ਰੇਸ਼ਨ ਨੰਬਰ, ਨਾਮ ਅਤੇ ਕੋਰਸ ਦਾ ਜ਼ਿਕਰ ਕਰੋ। ਸੋਧ ਪ੍ਰਾਪਤ ਕਰਨ ਦੀ ਆਖਰੀ ਮਿਤੀ, 22 ਮਈ, 2023 (ਸੋਮਵਾਰ) ਨੂੰ ਸ਼ਾਮ 5:00 ਵਜੇ ਤੱਕ ਹੈ। ਆਖਰੀ ਮਿਤੀ ਤੋਂ ਬਾਅਦ ਨਾਮ ਵਿਚ ਸੋਧ ਦੀ ਕੋਈ ਬੇਨਤੀ ਨਹੀਂ ਮੰਨੀ ਜਾਵੇਗੀ।

7. ਡਿਗਰੀ ਪ੍ਰਾਪਤ ਕਰਨ ਵਾਲਿਆਂ ਦੀ ਵਿਅਕਤੀਗਤ ਰਜਿਸਟ੍ਰੇਸ਼ਨ 26.05.2023 (ਸ਼ੁੱਕਰਵਾਰ) ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ **ਗਿਆਨੀ ਦਿੱਤ ਸਿੰਘ ਆਡੀਟੋਰੀਅਮ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫ਼ਤਹਿਗੜ੍ਹ ਸਾਹਿਬ ਵਿਖੇ** ਹੋਵੇਗੀ। ਡਿਗਰੀ ਪ੍ਰਾਪਤਕਰਤਾ ਨੂੰ ਕਨਵੋਕੇਸ਼ਨ ਲਈ ਜਾਰੀ ਕੀਤੇ ਜਾਣ ਵਾਲੇ ਪਛਾਣ ਪੱਤਰ ਲਈ ਰਜਿਸਟ੍ਰੇਸ਼ਨ ਦੇ ਸਮੇਂ ਆਪਣੀ ਸਟੈਂਪ ਸਾਈਜ਼ ਦੀ ਫੋਟੋ ਜ਼ਰੂਰ ਲੈ ਕੇ ਆਉਣ।

8. ਦੁਪਹਿਰ 12:00 ਵਜੇ (26.05.2023) ਤੋਂ ਬਾਅਦ ਕੋਈ ਵਿਅਕਤੀਗਤ ਰਜਿਸਟ੍ਰੇਸ਼ਨ ਨਹੀਂ ਹੋਵੇਗੀ। ਇਸ ਸਬੰਧ ਵਿੱਚ ਕੋਈ ਵੀ ਬੇਨਤੀ ਨਹੀਂ ਮੰਨੀ ਜਾਵੇਗੀ।

9. ਕਨਵੋਕੇਸ਼ਨ ਲਈ ਰਿਹਰਸਲ 26 ਮਈ, 2023 (ਸ਼ੁੱਕਰਵਾਰ) ਨੂੰ ਦੁਪਹਿਰ 02:00 ਵਜੇ ਹੋਵੇਗੀ। ਇਸ ਲਈ, ਡਿਗਰੀ ਪ੍ਰਾਪਤਕਰਤਾ ਜੋ ਕਨਵੋਕੇਸ਼ਨ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, 26 ਮਈ, 2023 ਨੂੰ ਰਿਹਰਸਲ ਲਈ ਰਿਪੋਰਟ ਕਰਨ। ਜੇਕਰ ਲੋੜ ਪਈ ਤਾਂ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਯੂਨੀਵਰਸਿਟੀ ਦੇ ਹੋਸਟਲਾਂ ਵਿੱਚ ਕੀਤਾ ਜਾਵੇਗਾ।

10. ਡਿਗਰੀ ਪ੍ਰਾਪਤ ਕਰਨ ਵਾਲਿਆਂ ਨੂੰ 26 ਮਈ, 2023 ਨੂੰ ਰਜਿਸਟ੍ਰੇਸ਼ਨ ਦੇ ਸਮੇਂ ਡਿਗਰੀ ਵੰਡ ਸਮਾਗਮ ਲਈ ਅਕਾਦਮਿਕ ਵਸਤਰ ਉਪਲੱਬਧ ਕਰਵਾਏ ਜਾਣਗੇ। ਉਮੀਦਵਾਰਾਂ ਨੂੰ ਕਨਵੋਕੇਸ਼ਨ ਦੀ ਸਮਾਪਤੀ ਦੇ ਇੱਕ ਘੰਟੇ ਦੇ ਅੰਦਰ ਅਕਾਦਮਿਕ ਵਸਤਰ ਵਾਪਸ ਕਰਨੇ ਹੋਣਗੇ।

11. ਸਿਰਫ਼ ਡਿਗਰੀ ਪ੍ਰਾਪਤਕਰਤਾਵਾਂ, ਜਿਨ੍ਹਾਂ ਨੇ ਰਜਿਸਟਰ ਕੀਤਾ ਹੈ, ਰਿਹਰਸਲ ਵਿੱਚ ਹਿੱਸਾ ਲਿਆ ਹੈ ਅਤੇ ਪੂਰੇ ਅਕਾਦਮਿਕ ਪਹਿਰਾਵੇ ਵਿੱਚ ਹਨ, ਨੂੰ ਹੀ ਕਨਵੋਕੇਸ਼ਨ ਵਿੱਚ ਬੈਠਣ ਦੀ ਇਜਾਜ਼ਤ ਹੋਵੇਗੀ।

12. ਵਿਅਕਤੀਗਤ ਤੌਰ 'ਤੇ ਆਪਣੀਆਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ 27 ਮਈ, 2023 ਨੂੰ ਸਵੇਰੇ 09:30 ਵਜੇ ਤੱਕ ਆਪਣੀਆਂ ਸੀਟਾਂ 'ਤੇ ਬੈਠ ਜਾਣ। ਉਹਨਾਂ ਨੂੰ ਡਿਗਰੀ ਲਈ ਨਿਰਧਾਰਿਤ ਪੂਰੇ ਅਕਾਦਮਿਕ ਪਹਿਰਾਵੇ ਅਤੇ ਸਕਾਰਫ਼ ਵਿੱਚ ਹੋਣਾ ਚਾਹੀਦਾ ਹੈ।

13. ਜਿਹੜੇ ਉਮੀਦਵਾਰ ਆਪਣੇ ਸਹੀ ਅਕਾਦਮਿਕ ਪਹਿਰਾਵੇ ਵਿੱਚ ਨਹੀਂ ਹਨ, ਉਨ੍ਹਾਂ ਨੂੰ ਵਿਅਕਤੀਗਤ ਤੌਰ 'ਤੇ ਡਿਗਰੀ ਪ੍ਰਾਪਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## (ਅ) ਅਲੂਮਨੀ ਮੀਟ

ਜੂਨ, 2022 ਵਿੱਚ ਪਾਸ ਹੋਏ ਸਾਰੇ ਵਿਦਿਆਰਥੀਆਂ ਦੀ ਅਲੂਮਨੀ ਮੀਟ 26 ਮਈ, 2023 ਨੂੰ ਦੁਪਹਿਰ 12:00 ਵਜੇ ਹੋਵੇਗੀ। (ਕਨਵੋਕੇਸ਼ਨ ਲਈ ਲਾਜ਼ਮੀ ਰਿਹਰਸਲ ਤੋਂ ਪਹਿਲਾਂ)।

ਰਜਿਸਟਰਾਰ